# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times    16 ਅਕਤੂਬਰ 2026 ਦਿਨ ਸ਼ੁੱਕਰਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਡਾ. ਹਰਵਿੰਦਰ ਸਿੰਘ ਧਾਲੀਵਾਲ ਨੇ 12 ਵੇਂ ਵਾਈਸ ਚਾਂਸਲਰ ਵਜੋਂ ਪੀ ਏ ਯੂ ਦੀ ਵਾਗਡੋਰ ਸੰਭਾਲੀ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 16 ਅਕਤੂਬਰ : ਉੱਘੇ ਖੇਤੀ ਵਿਗਿਆਨੀ ਅਤੇ ਕਿਸਾਨੀ ਸਮਾਜ ਵਿਚ ਵਿਆਪਕ ਤੌਰ ਤੇ ਸਤਿਕਾਰੇ ਜਾਂਦੇ ਡਾ ਹਰਵਿੰਦਰ ਸਿੰਘ ਧਾਲੀਵਾਲ ਨੇ ਪੀ ਏ ਯੂ ਦੇ ਵਾਈਸ ਚਾਂਸਲਰ ਵਜੋਂ ਅਪਣਾ ਅਹੁਦਾ ਸੰਭਾਲ ਲਿਆ। ਉਹ ਯੂਨੀਵਰਸਿਟੀ ਦੇ 12 ਵੇਂ ਵਾਈਸ ਚਾਂਸਲਰ ਬਣੇ ਹਨ। ਖੇਤੀ ਵਿਗਿਆਨ ਅਤੇ ਕਿਸਾਨੀ ਦੇ ਖੇਤਰ ਵਿਚ ਇਸ ਖ਼ਬਰ ਨਾਲ ਖੁਸ਼ੀ ਦੀ ਲਹਿਰ ਦੌੜ ਗਈ। ਡਾ ਧਾਲੀਵਾਲ ਨੇ ਇਸ ਤੋਂ ਪਹਿਲਾਂ ਪੀ ਏ ਯੂ ਵਿਚ ਆਪਣੇ ਅਕਾਦਮਿਕ ਅਤੇ ਪ੍ਰਸ਼ਾਸਕੀ ਕਾਰਜਾਂ ਕਰਕੇ ਨਾਮਣਾ ਕਮਾਇਆ ਹੈ। ਮਾਨਸਾ ਜ਼ਿਲ੍ਹੇ ਦੇ ਪੇਂਡੂ ਖੇਤਰ ਵਿੱਚ ਜਨਮੇ ਅਤੇ ਪਲੇ ਡਾ ਧਾਲੀਵਾਲ ਪੰਜਾਬ ਦੀ ਧਰਤੀ ਨਾਲ ਜੁੜੇ ਅਤੇ ਕਿਸਾਨੀ ਦਾ ਦਰਦ ਮਹਿਸੂਸ ਕਰਨ ਵਾਲੇ ਖੇਤੀ ਵਿਗਿਆਨੀ ਹਨ। ਕਿਸਾਨਾਂ ਅਤੇ ਪੇਂਡੂ ਭਾਈਚਾਰਿਆਂ ਨਾਲ ਉਨ੍ਹਾਂ ਦੇ ਮਜ਼ਬੂਤ ਸਬੰਧ ਇਸ ਕਥਨ ਦੀ ਗਵਾਹੀ ਭਰਦੇ ਹਨ।

1 ਮਈ, 1962 ਨੂੰ ਜਨਮੇ ਡਾ. ਹਰਵਿੰਦਰ ਸਿੰਘ ਧਾਲੀਵਾਲ ਦਾ ਅਕਾਦਮਿਕ ਰਿਕਾਰਡ ਸ਼ਾਨਦਾਰ ਰਿਹਾ। ਉਨ੍ਹਾਂ ਨੂੰ ਗੋਲਡ ਮੈਡਲ, ਮੈਰਿਟ ਸਰਟੀਫਿਕੇਟ (ਐਮ.ਐਸ.ਸੀ. ਵਿੱਚ) ਅਤੇ ਮੈਰਿਟ ਸਕਾਲਰਸ਼ਿਪ (ਬੀ.ਐਸ.ਸੀ. ਵਿੱਚ) ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਬਿਨਾਂ ਐਮ.ਐਸ.ਸੀ. ਅਤੇ ਪੀ.ਐਚ.ਡੀ. ਵਿੱਚ ਉਨ੍ਹਾਂ ਨੂੰ ਮੈਰਿਟ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਸੀ। ਉਨ੍ਹਾਂ ਕੋਲ ਖੇਤੀਬਾੜੀ ਵਿਗਿਆਨੀ ਵਜੋਂ ਲਗਭਗ 31 ਸਾਲਾਂ ਦਾ ਤਜਰਬਾ ਹੈ ਅਤੇ ਫਲੋਰੀਡਾ ਯੂਨੀਵਰਸਿਟੀ ਵਿੱਚ ਨਿੰਬੂ ਜਾਤੀ ਦੇ ਫਲਾਂ 'ਤੇ ਉੱਨਤ ਖੋਜ ਕਰਨ ਦਾ ਅੰਤਰਰਾਸ਼ਟਰੀ ਪੱਧਰ 'ਤੇ ਅਨੁਭਵ ਵੀ ਉਨ੍ਹਾਂ ਨੂੰ ਹਾਸਿਲ ਹੈ।

ਡਾ ਧਾਲੀਵਾਲ ਦੀ ਮੁਹਾਰਤ ਦਾ ਖੇਤਰ ਬਾਗਬਾਨੀ ਵਿਸ਼ੇਸ਼ ਕਰਕੇ ਫਲ ਵਿਗਿਆਨ ਹੈ, ਜਿਸਨੂੰ ਅਜੋਕੇ ਸਮੇਂ ਵਿਚ ਪੰਜਾਬ ਵਿੱਚ ਖੇਤੀ ਵਿਭਿੰਨਤਾ ਲਈ ਸਮੇਂ ਦੀ ਲੋੜ ਵਜੋਂ ਵੇਖਿਆ ਜਾ ਰਿਹਾ ਹੈ।




ਉਨ੍ਹਾਂ ਨੇ ਪੀ ਏ ਯੂ ਦੇ ਤਿੰਨੇ ਕਾਰਜ ਖੇਤਰਾਂ ਵਿਚ ਕਾਰਜ ਕੀਤਾ। ਨਾਲ ਹੀ ਅਧਿਆਪਨ, ਖੋਜ ਅਤੇ ਪਸਾਰ ਦੇ ਖੇਤਰ ਵਿਚ ਪ੍ਰਸ਼ਾਸਕੀ ਤਜਰਬਾ ਵੀ ਕਮਾਇਆ। ਅਧਿਆਪਨ ਦੇ ਖੇਤਰ ਵਿਚ ਉਹ ਯੂਨੀਵਰਸਿਟੀ ਦੇ ਸਭ ਤੋਂ ਅਹਿਮ ਗਿਣੇ ਜਾਣ ਵਾਲੇ ਖੇਤੀਬਾੜੀ ਕਾਲਜ ਦੇ ਡੀਨ ਦੇ ਤੌਰ ਤੇ 2013-2017 ਤਕ ਕਾਰਜਸ਼ੀਲ ਰਹੇ। ਖੋਜ ਦੇ ਖੇਤਰ ਵਿਚ ਉਨ੍ਹਾਂ ਨੇ ਵਧੀਕ ਨਿਰਦੇਸ਼ਕ ਖੋਜ (ਬਾਗਬਾਨੀ) ਵਜੋਂ ਅਤੇ ਪਸਾਰ ਵਿਚ (ਡਾਇਰੈਕਟਰ ਐਕਸਟੈਂਸ਼ਨ ਐਜੂਕੇਸ਼ਨ ਵਜੋਂ) ਵੀ ਕਾਰਜ ਕੀਤਾ।

ਡਾ. ਧਾਲੀਵਾਲ ਨੇ ਕੌਮਾਂਤਰੀ ਪੱਧਰ ਦੇ ਵਿਗਿਆਨੀਆਂ ਨਾਲ ਮਜ਼ਬੂਤ ਸਬੰਧ ਸਥਾਪਿਤ ਕਰਕੇ ਪੰਜਾਬ ਦੀ ਖੇਤੀ ਨੂੰ ਹੋਰ ਵਿਕਸਿਤ ਬਣਾਉਣ ਦਾ ਉੱਦਮ ਅੰਜਾਮ ਦਿੱਤਾ। ਇਸ ਕਾਰਜ ਲਈ ਉਨ੍ਹਾਂ ਨੇ ਯੂਨੀਵਰਸਿਟੀ ਆਫ਼ ਫਲੋਰੀਡਾ, ਅਮਰੀਕਾ; ਕਰਟਿਨ ਯੂਨੀਵਰਸਿਟੀ ਆਫ਼ ਟੈਕਨਾਲੋਜੀ, ਪਰਥ, ਪੱਛਮੀਆਸਟ੍ਰੇਲੀਆ ਅਤੇ ਯੂਨੀਵਰਸਿਟੀ ਆਫ਼ ਮੇਨ, ਪ੍ਰੈਸਕ ਆਈਲ, ਮੇਨ, ਅਮਰੀਕਾ ਨਾਲ ਨਿੰਬੂ ਜਾਤੀ ਅਤੇ ਭੂਮੀ ਵਿਗਿਆਨ ਦੇ ਖੇਤਰ ਵਿੱਚ ਵਿਕਸਿਤ ਅਕਾਦਮਿਕ ਖੋਜ ਲਈ ਅੰਤਰਰਾਸ਼ਟਰੀ ਸਹਿਯੋਗ ਸਥਾਪਤ ਕੀਤੇ। ਉਨ੍ਹਾਂ ਨੇ ਰਾਸ਼ਟਰੀ ਪੱਧਰ ਤੇ ਭਾਰਤੀ ਖੇਤੀ ਖੋਜ ਪ੍ਰੀਸ਼ਦ ਦੀ ਪੰਜਵੀਂ ਡੀਨਜ਼ ਕਮੇਟੀ ਅਤੇ ਉੱਚ ਖੇਤੀਬਾੜੀ ਸਿੱਖਿਆ ਕਮੇਟੀ ਦੇ ਕਨਵੀਨਰ ਅਤੇ ਮੈਂਬਰ ਵਜੋਂ ਕਈ ਕਾਰਜ ਸਫਲਤਾਪੂਰਵਕ ਸੰਪੰਨ ਕੀਤੇ।

ਡਾ. ਧਾਲੀਵਾਲ ਦੇ ਇਕ ਖੋਜੀ ਵਜੋਂ ਸਮਰਪਣ ਦਾ ਪ੍ਰਮਾਣ ਉਨ੍ਹਾਂ ਵਲੋਂ ਪੀ ਏ ਯੂ ਦੀ ਪੈਕੇਜ ਆਫ਼ ਪ੍ਰੈਕਟਿਸ ਵਿੱਚ ਸ਼ਾਮਿਲ 28 ਸਿਫ਼ਾਰਸ਼ਾਂ ਨੂੰ ਦੇਖਿਆ ਜਾ ਸਕਦਾ ਹੈ। ਇਸ ਵਿੱਚ ਦੋ ਨਵੀਆਂ ਫਸਲਾਂ (ਕੇਲਾ ਅਤੇ ਆਂਵਲਾ) ਅਤੇ ਘੱਟ ਬੀਜ ਵਾਲੇ ਕਿੰਨੂ (ਪੀ ਏ ਯੂ ਕਿੰਨੂ-1) ਸਮੇਤ ਫਲਾਂ ਦੀਆਂ 11 ਕਿਸਮਾਂ ਸ਼ਾਮਲ ਹਨ। ਉਨ੍ਹਾਂ ਨੇ ਮੁੱਖ ਨਿਗਰਾਨ ਅਤੇ ਸਹਿ ਨਿਗਰਾਨ ਵਜੋਂ 6 ਖੋਜ ਪ੍ਰੋਜੈਕਟਾਂ ਦੀ ਦੇਖ ਰੇਖ ਕੀਤੀ ਅਤੇ ਸਾਥੀ ਵਿਗਿਆਨੀਆਂ ਨੂੰ 16 ਖੋਜ ਗ੍ਰਾਂਟ ਪ੍ਰੋਜੈਕਟ ਜਮ੍ਹਾਂ ਕਰਾਉਣ ਲਈ ਪ੍ਰੇਰਿਤ ਕੀਤਾ, ਜਿਨ੍ਹਾਂ ਵਿੱਚੋਂ 7 ਖੋਜ ਪ੍ਰੋਜੈਕਟਾਂ ਨੂੰ ਯੂ ਜੀ ਸੀ ਦੁਆਰਾ ਪ੍ਰਵਾਨਗੀ ਹਾਸਿਲ ਸੀ। ਉਨ੍ਹਾਂ ਦੇ ਨਾਂ ਹੇਠ 189 ਪ੍ਰਕਾਸ਼ਨਾਵਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਰੈਫ਼ਰੀਡ ਜਰਨਲਾਂ ਵਿੱਚ ਛਪੀਆਂ, ਜਿਨ੍ਹਾਂ ਵਿਚ 81 ਖੋਜ ਪੱਤਰ ਸ਼ਾਮਲ ਹਨ।

ਡਾ ਹਰਵਿੰਦਰ ਸਿੰਘ ਧਾਲੀਵਾਲ ਨੇ ਪੀ ਏ ਯੂ ਵਿਖੇ ਅਤਿ-ਆਧੁਨਿਕ ਪੱਤਾ ਵਿਸ਼ਲੇਸ਼ਣ ਪ੍ਰਯੋਗਸ਼ਾਲਾ ਅਤੇ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਵਾਇਰਸ-ਮੁਕਤ ਨਰਸਰੀ ਸਥਾਪਤ ਕਰਨ ਦੀ ਪਹਿਲਕਦਮੀ ਕੀਤੀ।

ਡਾ. ਧਾਲੀਵਾਲ ਅਧਿਆਪਕ ਵਜੋਂ ਆਪਣੇ ਵਿਦਿਆਰਥੀਆਂ ਵਿਚ ਬੇਹੱਦ ਸਤਿਕਾਰੇ ਜਾਂਦੇ ਹਨ। ਉਨ੍ਹਾਂ ਨੇ ਅੰਡਰ ਗ੍ਰੇਜੂਏਟ ਅਤੇ ਪੋਸਟ ਗ੍ਰੇਜੂਏਟ ਕੋਰਸਾਂ ਨੂੰ ਸ਼ਿੱਦਤ ਨਾਲ ਪੜ੍ਹਾਇਆ। 15 ਪੀ ਜੀ ਵਿਦਿਆਰਥੀਆਂ ਦੇ ਖੋਜ ਨਿਗਰਾਨ ਵਜੋਂ ਉਨ੍ਹਾਂ ਨੇ ਨਵੇਂ ਖੋਜੀਆਂ ਦੀ ਰਹਿਨੁਮਾਈ ਕੀਤੀ।

ਡਾ. ਧਾਲੀਵਾਲ ਨੇ ਖੇਤੀਬਾੜੀ ਕਾਲਜ ਦੇ ਡੀਨ ਵਜੋਂ ਪੀਏਯੂ ਦੇ ਸਾਰੇ ਗ੍ਰੈਜੂਏਟ ਪ੍ਰੋਗਰਾਮਾਂ ਦੀ ਮਾਨਤਾ ਪ੍ਰਾਪਤ ਕੀਤੀ। ਉਨ੍ਹਾਂ ਦੀ ਨਿਗਰਾਨੀ ਹੇਠ ਇੰਸਟੀਚਿਊਟ ਆਫ਼ ਐਗਰੀਕਲਚਰ, ਬਠਿੰਡਾ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਅੱਜ ਦੀਆਂ ਲੋੜਾਂ ਅਨੁਸਾਰ 5 ਨਵੇਂ ਅਕਾਦਮਿਕ ਪ੍ਰੋਗਰਾਮ ਸ਼ੁਰੂ ਕੀਤੇ, ਨਾਲ ਹੀ 4 ਯੂਜੀ ਅਤੇ 7 ਪੀ ਜੀ ਪ੍ਰੋਗਰਾਮਾਂ ਦੀ ਦਾਖਲਾ ਸਮਰੱਥਾ ਵਧਾਉਣ ਅਤੇ ਸੱਤ ਨਵੇਂ ਮੈਡਲ/ਫੈਲੋਸ਼ਿਪ ਆਦਿ ਸਥਾਪਤ ਕਰਨ ਦਾ ਸਿਹਰਾ ਵੀ ਉਨ੍ਹਾਂ ਸਿਰ ਬੱਝਦਾ ਹੈ। ਉਨ੍ਹਾਂ ਦੇ ਡੀਨ ਵਜੋਂ ਜ਼ਿੰਮੇਵਾਰੀ ਨਿਭਾਉਣ ਦੌਰਾਨ, 87 ਕਾਲਜ ਗ੍ਰੈਜੂਏਟਾਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖਲਾ ਮਿਲਿਆ, ਇਸ ਤੋਂ ਇਲਾਵਾ 152 ਵਿਦਿਆਰਥੀਆਂ ਨੇ ਨੈੱਟ ਲਈ ਯੋਗਤਾ ਪ੍ਰਾਪਤ ਕੀਤੀ, 89 ਨੇ ਆਈ ਸੀ ਏ ਆਰ ਫੈਲੋਸ਼ਿਪਾਂ ਹਾਸਿਲ ਕੀਤੀਆਂ, 9 ਵਿਦਿਆਰਥੀ ਆਈ ਸੀ ਏ ਆਰ ਵਿਚ ਸ਼ਾਮਿਲ ਹੋਏ ਅਤੇ 11 ਗੇਟ ਪ੍ਰੀਖਿਆ ਪਾਸ ਕਰਨ ਵਿਚ ਸਫ਼ਲ ਰਹੇ। ਉਨ੍ਹਾਂ ਨੇ 5ਵੀਂ ਡੀਨ ਕਮੇਟੀ (ਆਈ.ਸੀ.ਏ.ਆਰ.) ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕੀਤਾ ਅਤੇ ਖੇਤੀਬਾੜੀ ਕਾਲਜ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਅਗਵਾਈ ਅਤੇ ਸਲਾਹਕਾਰ ਸੈੱਲ' ਦੀ ਸਥਾਪਨਾ ਕੀਤੀ। ਪੀ ਏ ਯੂ ਵਜੋਂ ਖੋਜ ਤਕਨਾਲੋਜੀਆਂ ਕਿਸਾਨਾਂ ਤਕ ਪੁਚਾਉਣ ਲਈ ਯੂਨੀਵਰਸਿਟੀ ਦੇ ਤੀਜੇ ਥੰਮ੍ਹ ਗਿਣੇ ਜਾਣੇ ਪਸਾਰ ਕਾਰਜਾਂ ਵਿਚ ਵੀ ਡਾ ਹਰਵਿੰਦਰ ਸਿੰਘ ਧਾਲੀਵਾਲ ਦਾ ਕਾਰਜ ਜ਼ਿਕਰਯੋਗ ਹੈ।

ਉਨ੍ਹਾਂ ਨੇ ਨਿਰਦੇਸ਼ਕ ਪਸਾਰ ਸਿੱਖਿਆ ਵਜੋਂ 11 ਕਿਸਾਨ ਮੇਲੇ, 3 ਕਿਸਾਨ ਦਿਵਸ, 6 ਵਰਕਸ਼ਾਪਾਂ,155 ਖੇਤ ਦਿਵਸ, 69 ਖੋਜ ਟਰਾਇਲ, 780 ਸਿਖਲਾਈ ਕੈਂਪ ਅਤੇ 278 ਕਿੱਤਾਮੁਖੀ ਸਿਖਲਾਈਆਂ ਦੇ ਆਯੋਜਨ ਦੀ ਜ਼ਿੰਮੇਵਾਰੀ ਸੰਭਾਲੀ।

ਡਾ. ਧਾਲੀਵਾਲ ਨੂੰ ਉਨ੍ਹਾਂ ਦੀਆਂ ਸੇਵਾਵਾਂ ਅਤੇ ਕਾਰਜਾਂ ਲਈ ਬਹੁਤ ਸਾਰੇ ਮਾਣ ਸਨਮਾਨ ਹਾਸਿਲ ਹੋਏ। 2013 ਵਿਚ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਨਿਭਾਈ ਗਈ ਮਿਸਾਲੀ ਸੇਵਾ ਲਈ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ, ਆਪ ਜੀ ਦ ਹਾਰਟੀਕਲਚਰਲ ਸੋਸਾਇਟੀ – 2015 ਦੇ ਫੈਲੋ (ਬਾਗਬਾਨੀ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਲਈ) ਬਣੇ, ਇਸ ਤੋਂ ਇਲਾਵਾ ਹੰਸ ਰਾਜ ਪਾਹਵਾ ਪੁਰਸਕਾਰ – 2012-13 (ਬਾਗਬਾਨੀ ਦੇ ਖੇਤਰ ਵਿੱਚ ਪ੍ਰਸ਼ੰਸਾਯੋਗ ਖੋਜ, ਅਧਿਆਪਨ ਅਤੇ ਪਸਾਰ ਕਾਰਜ ਦੀ ਮਾਨਤਾ ਵਜੋਂ), ਨਾਲ ਹੀ ਡਾ ਧਾਲੀਵਾਲ ਨੂੰ ਸ਼੍ਰੀਮਤੀ ਹਰਪਾਲ ਕੌਰ ਯਾਦਗਾਰੀ ਪੁਰਸਕਾਰ – 2011 (ਫਲ ਵਿਗਿਆਨ ਦੇ ਖੇਤਰ ਵਿੱਚ ਸ਼ਲਾਘਾਯੋਗ ਯੋਗਦਾਨ ਦੇ ਸਨਮਾਨ ਵਿੱਚ) ਨਾਲ ਸਨਮਾਨਿਤ ਕੀਤਾ ਗਿਆ।

ਡਾ ਹਰਵਿੰਦਰ ਸਿੰਘ ਧਾਲੀਵਾਲ ਨੇ ਇਸ ਮੌਕੇ ਪੀ ਏ ਯੂ ਦੇ ਅਧਿਆਪਨ, ਗੈਰ ਅਧਿਆਪਨ ਅਮਲੇ ਅਤੇ ਸਮੂਹ ਕਰਮਚਾਰੀਆਂ ਦੇ ਨਾਂ ਆਪਣੇ ਸੰਦੇਸ਼ ਵਿਚ ਆਸ ਪ੍ਰਗਟਾਈ ਕਿ ਸਭ ਦੇ ਸਹਿਯੋਗ ਨਾਲ ਯੂਨੀਵਰਸਿਟੀ ਨੂੰ ਹੋਰ ਉੱਚੀਆਂ ਸਿਖਰਾਂ ਵੱਲ ਲਿਜਾਣ ਲਈ ਕੋਈ ਕਸਰ ਕਸਰ ਨਹੀਂ ਛੱਡੀ ਜਾਏਗੀ। ਉਨ੍ਹਾਂ ਕਿਹਾ ਕਿ ਇਸ ਸੰਸਥਾ ਨੇ ਦੇਸ਼ ਨੂੰ ਭੁੱਖਮਰੀ ਦੀ ਹਾਲਤ ਚੋਂ ਬਾਹਰ ਲਿਆ ਕੇ ਵਾਧੂ ਅੰਨ ਵਾਲਾ ਖਿੱਤਾ ਬਣਾਉਣ ਲਈ ਇਤਿਹਾਸਕ ਯੋਗਦਾਨ ਦਿੱਤਾ ਹੈ, ਅੱਜ ਖੇਤੀ ਖੇਤਰ ਦੀਆਂ ਚੁਣੌਤੀਆਂ ਦੇ ਮੱਦੇਨਜ਼ਰ ਪੀ ਏ ਯੂ ਦੀ ਭੂਮਿਕਾ ਪਹਿਲਾਂ ਨਾਲੋਂ ਵੀ ਵਧੀ ਹੈ। ਡਾ ਧਾਲੀਵਾਲ ਨੇ ਕਿਸਾਨੀ ਸਮਾਜ ਦੀ ਬਿਹਤਰੀ ਲਈ ਸਮੂਹ ਵਿਗਿਆਨੀਆਂ ਨੂੰ ਡਟ ਕੇ ਕਾਰਜ ਦਾ ਸੱਦਾ ਦਿੱਤਾ।

ਨਵੇਂ ਵਾਈਸ ਚਾਂਸਲਰ, ਪੀਏਯੂ ਅਧਿਕਾਰੀਆਂ ਦਾ ਸਵਾਗਤ ਕਰਦੇ ਹੋਏ, ਸ਼੍ਰੀ ਸੁਖਜੀਤ ਪਾਲ ਸਿੰਘ (ਆਈਏਐਸ), ਰਜਿਸਟਰਾਰ, ਪੀਏਯੂ; ਡਾ. ਤੇਜਿੰਦਰ ਸਿੰਘ ਰਿਆੜ, ਅਸਟੇਟ ਅਫਸਰ; ਡਾ. ਐਚਐਸ ਕਿੰਗਰਾ, ਪ੍ਰਧਾਨ ਪਾਉਟਾ; ਸਰਦਾਰ ਬਲਦੇਵ ਸਿੰਘ ਵਾਲੀਆ, ਪ੍ਰਧਾਨ, ਪੀਏਯੂ ਨਾਨ-ਟੀਚਿੰਗ ਇੰਪਲਾਈਜ਼ ਯੂਨੀਅਨ; ਅਤੇ ਯੂਨੀਵਰਸਿਟੀ ਦੇ ਡੀਨ ਅਤੇ ਡਾਇਰੈਕਟਰਾਂ ਨੇ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਡਾ. ਧਾਲੀਵਾਲ ਨੂੰ ਯੂਨੀਵਰਸਿਟੀ ਦੇ ਮੁਖੀ ਵਜੋਂ ਸਫਲ ਅਤੇ ਸੰਪੂਰਨ ਨਵੀਂ ਪਾਰੀ ਦੀ ਕਾਮਨਾ ਕੀਤੀ।

## 'ਦ ਬਲੂਮਿੰਗਡੇਲ ਸਕੂਲ ਲਈ ਮਾਣਮੱਤਾ ਪਲ', ਵਿਦਿਆਰਥੀ ਦਾ ਜਪਾਨ ਤੱਕ ਦਾ ਸਫ਼ਰ'

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 16 ਅਕਤੂਬਰ : ਸਥਾਨਕ ਮੁਕਤਸਰ ਸੜਕ 'ਤੇ ਗੋਬਿੰਦ ਅਸਟੇਟ ਵਿਖੇ ਸਥਿੱਤ 'ਬਲੂਮਿੰਗਡੇਲ ਸਕੂਲ ਲਈ ਬਹੁਤ ਹੀ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਸਕੂਲ ਦੇ ਛੇਵੀਂ ਜਮਾਤ ਦੇ ਹੋਣਹਾਰ ਵਿਦਿਆਰਥੀ ਅਪਾਰ ਸਿੰਘ ਟੂਰਨਾ ਨੇ ਆਪਣੀ ਅਦੁੱਤੀ ਪ੍ਰਤਿਭਾ ਦੇ ਦਮ 'ਤੇ ਸਕੂਲ, ਆਪਣੇ ਮਾਪਿਆਂ ਅਤੇ ਪੂਰੇ ਇਲਾਕੇ ਦਾ ਨਾਂਅ ਕੌਮਾਂਤਰੀ ਪੱਧਰ 'ਤੇ ਰੋਸ਼ਨ ਕੀਤਾ ਹੈ। ਸਕੂਲ ਮੁਖੀ ਸ਼ਾਹਬਾਜ ਸਿੰਘ ਸੰਧੂ ਅਤੇ ਪ੍ਰਿੰਸੀਪਲ ਹਰਜਿੰਦਰ ਸਿੰਘ ਟੂਰਨਾ ਮੁਤਾਬਿਕ ਬੀਤੀ 9 ਅਤੇ 10 ਅਕਤੂਬਰ ਨੂੰ ਨਵੀਂ ਦਿੱਲੀ ਵਿਖੇ ਕਰਵਾਏ ਗਏ ਵੱਕਾਰੀ 'ਵਰਲਡ ਸਕਾਲਰਜ਼ ਕੱਪ-2026' (ਰੀਜਨਲ ਰਾਊਂਡ) ਵਿੱਚ ਅਪਾਰ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 1 ਗੋਲਡ ਮੈਡਲ (ਸੋਨੇ ਦਾ ਤਗਮਾ) ਅਤੇ 3 ਸਿਲਵਰ ਮੈਡਲ (ਚਾਂਦੀ ਦੇ ਤਗਮੇ) ਆਪਣੇ ਨਾਂਅ ਕੀਤੇ। ਇਸ ਪ੍ਰਤੀਯੋਗਤਾ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਬਹਿਸ, ਸਾਂਝੀ ਲਿਖਤ ਅਤੇ ਚੁਣੌਤੀਪੂਰਨ ਕੁਇਜ਼ ਦੇ ਮੁਕਾਬਲੇ ਕਰਵਾਏ ਗਏ ਸਨ, ਜਿੰਨ੍ਹਾਂ ਵਿੱਚ ਅਪਾਰ ਨੇ ਆਪਣੀ ਤਿੱਖੀ ਬੁੱਧੀ, ਗਿਆਨ ਅਤੇ ਕਲਾ ਦਾ ਲੋਹਾ ਮਨਵਾਇਆ। ਉਹਨਾ ਦੱਸਿਆ ਕਿ ਇਸ ਸ਼ਾਨਦਾਰ ਜਿੱਤ ਦੇ ਨਾਲ ਹੀ ਅਪਾਰ ਸਿੰਘ ਨੇ ਦਸੰਬਰ 2026 ਵਿੱਚ ਜਪਾਨ ਵਿਖੇ ਆਯੋਜਿਤ ਹੋਣ ਵਾਲੇ ਅੰਤਰਰਾਸ਼ਟਰੀ 'ਗਲੋਬਲ ਰਾਊਂਡ' ਲਈ ਵੀ ਸਫਲਤਾਪੂਰਵਕ ਕੁਆਲੀਫਾਈ ਕਰ ਲਿਆ ਹੈ। ਇਸ ਆਗਾਮੀ ਗਲੋਬਲ ਰਾਊਂਡ ਵਿੱਚ ਦੁਨੀਆ ਭਰ ਦੇ ਲਗਭਗ 60 ਦੇਸ਼ਾਂ ਦੇ ਚੋਣਵੇਂ ਵਿਦਿਆਰਥੀ ਭਾਗ ਲੈਣਗੇ। ਇਸ ਪ੍ਰਾਪਤੀ 'ਤੇ ਸਕੂਲ ਮੈਨੇਜਮੈਂਟ ਅਤੇ ਪ੍ਰਿੰਸੀਪਲ ਸਾਹਿਬਾਨ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਅਪਾਰ ਸਿੰਘ, ਉਸ ਦੇ ਮਾਪਿਆਂ ਅਤੇ ਉਸ ਨੂੰ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ।

## ਪਟਿਆਲਾ ਵਿਖੇ ਅਸਮਿਤਾ ਮਹਿਲਾ ਸਾਈਕਲਿੰਗ ਜ਼ੋਨਲ ਟਰੈਕ ਲੀਗ ਸਫ਼ਲਤਾਪੂਰਵਕ ਸੰਪੰਨ

### ਜੂਨੀਅਰ ਲੜਕੀਆਂ ਦੀ ਕੇਰਿਨ ਰੇਸ ਵਿੱਚ ਪੰਜਾਬ ਦੀ ਅੰਜਲੀ ਜਾਖੜ ਪਹਿਲੇ ਅਤੇ ਤਰਨਵੀਰ ਕੌਰ ਦੂਜੇ ਸਥਾਨ 'ਤੇ; ਸਕ੍ਰੈਚ ਰੇਸ ਵਿੱਚ ਪੰਜਾਬ ਦੀ ਪ੍ਰੀਤੀ ਸ਼ਾਹ ਨੇ ਮਾਰੀ ਬਾਜ਼ੀ

### ਮਹਿਲਾ ਸਾਈਕਲਿਸਟਾਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਨ ਲਈ ਯਤਨ ਜਾਰੀ ਰਹਿਣਗੇ: ਜਗਦੀਪ ਸਿੰਘ ਕਾਹਲੋਂ

### ਕੌਮਾਂਤਰੀ ਸਾਈਕਲਿਸਟ ਬਖ਼ਸ਼ੀਸ਼ ਸਿੰਘ ਦੀ ਅਗਵਾਈ ਹੇਠ ਹੋਏ ਸਮਾਪਤੀ ਦਿਨ ਦੇ ਮੁਕਾਬਲੇ; ਜੇਤੂਆਂ ਨੂੰ ਤਮਗੇ ਅਤੇ ਨਕਦ ਇਨਾਮ ਦੇ ਕੇ ਕੀਤਾ ਸਨਮਾਨਿਤ

### ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਦੇ ਪ੍ਰਧਾਨ ਚਰਨਜੀਤ ਸਿੰਘ ਧਾਲੀਵਾਲ ਨੇ ਵਿਦੇਸ਼ ਤੋਂ ਭੇਜੇ ਆਪਣੇ ਸੰਦੇਸ਼ ਵਿੱਚ ਲੀਗ ਦੇ ਸਫ਼ਲ ਆਯੋਜਨ ਲਈ ਪ੍ਰਬੰਧਕਾਂ ਨੂੰ ਦਿੱਤੀ ਵਧਾਈ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 16 ਅਕਤੂਬਰ :ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਵੱਲੋਂ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਸਹਿਯੋਗ ਨਾਲ ਐੱਨ.ਐੱਸ.ਐੱਨ.ਆਈ.ਐੱਸ. ਵੈਲੋਡਰੋਮ, ਪਟਿਆਲਾ ਵਿਖੇ ਕਰਵਾਈ ਗਈ ਦੋ ਰੋਜ਼ਾ ਅਸਮਿਤਾ ਮਹਿਲਾ ਸਾਈਕਲਿੰਗ ਜ਼ੋਨਲ ਟਰੈਕ ਲੀਗ ਅੱਜ ਸਫ਼ਲਤਾਪੂਰਵਕ ਸੰਪੰਨ ਹੋ ਗਈ। ਲੀਗ ਦੇ ਦੂਜੇ ਅਤੇ ਆਖ਼ਰੀ ਦਿਨ ਕੇਰਿਨ ਅਤੇ ਸਕ੍ਰੈਚ ਰੇਸ ਦੇ ਰੋਮਾਂਚਕ ਮੁਕਾਬਲਿਆਂ ਵਿੱਚ ਖਿਡਾਰਨਾਂ ਨੇ ਆਪਣੀ ਰਫ਼ਤਾਰ, ਤਕਨੀਕੀ ਮੁਹਾਰਤ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ।

ਸਮਾਪਤੀ ਦਿਨ ਦੇ ਮੁਕਾਬਲੇ ਕੌਮਾਂਤਰੀ ਸਾਈਕਲਿਸਟ ਬਖ਼ਸ਼ੀਸ਼ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ। ਉਨ੍ਹਾਂ ਜੇਤੂ ਖਿਡਾਰਨਾਂ ਨੂੰ ਤਮਗੇ ਅਤੇ ਨਕਦ ਇਨਾਮ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਭਵਿੱਖ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਬੀ.ਐੱਸ.ਐੱਨ.ਐੱਲ., ਪਟਿਆਲਾ ਦੇ ਪ੍ਰਿੰਸੀਪਲ ਜਨਰਲ ਮੈਨੇਜਰ, ਪਟਿਆਲਾ ਸੁਖਵੀਰ ਸਿੰਘ ਨੇ ਵੀ ਸ਼ਿਰਕਤ ਕਰ ਕੇ ਸਮਾਗਮ ਦੀ ਸ਼ੋਭਾ ਵਧਾਈ ਅਤੇ ਖਿਡਾਰਨਾਂ ਦਾ ਹੌਂਸਲਾ ਵਧਾਇਆ।

ਦੂਜੇ ਦਿਨ ਦੇ ਨਤੀਜਿਆਂ ਅਨੁਸਾਰ ਜੂਨੀਅਰ ਲੜਕੀਆਂ ਦੀ ਕੇਰਿਨ ਰੇਸ ਵਿੱਚ ਪੰਜਾਬ ਦੀ ਅੰਜਲੀ ਜਾਖੜ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਪੰਜਾਬ ਦੀ ਹੀ ਤਰਨਵੀਰ ਕੌਰ ਦੂਜੇ ਅਤੇ ਹਰਿਆਣਾ ਦੀ ਮਨਪ੍ਰੀਤ ਤੀਜੇ ਸਥਾਨ 'ਤੇ ਰਹੀ। ਸਕ੍ਰੈਚ ਰੇਸ ਵਿੱਚ ਪੰਜਾਬ ਦੀ ਪ੍ਰੀਤੀ ਸ਼ਾਹ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਹਰਿਆਣਾ ਦੀ ਪ੍ਰਿਯੰਕਾ ਨੇ ਦੂਜਾ ਅਤੇ ਦੀਕਸ਼ਾ ਨੇ ਤੀਜਾ ਸਥਾਨ ਹਾਸਲ ਕੀਤਾ।

ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਦੇ ਪ੍ਰਧਾਨ ਚਰਨਜੀਤ ਸਿੰਘ ਧਾਲੀਵਾਲ ਨੇ ਵਿਦੇਸ਼ ਤੋਂ ਭੇਜੇ ਆਪਣੇ ਸੰਦੇਸ਼ ਵਿੱਚ ਲੀਗ ਦੇ ਸਫ਼ਲ ਆਯੋਜਨ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਸਾਰੀਆਂ ਭਾਗੀਦਾਰ ਖਿਡਾਰਨਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ। ਉਨ੍ਹਾਂ ਆਪਣੇ ਸੰਦੇਸ਼ ਵਿੱਚ ਮਹਿਲਾ ਸਾਈਕਲਿੰਗ ਨੂੰ ਉਤਸ਼ਾਹਿਤ ਕਰਨ ਅਤੇ ਉੱਭਰਦੀਆਂ ਖਿਡਾਰਨਾਂ ਨੂੰ ਮੁਕਾਬਲਿਆਂ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ।

ਐਸੋਸੀਏਸ਼ਨ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ, "ਅਸਮਿਤਾ ਮਹਿਲਾ ਸਾਈਕਲਿੰਗ ਜ਼ੋਨਲ ਟਰੈਕ ਲੀਗ ਨੇ ਖਿਡਾਰਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ, ਮੁਕਾਬਲਿਆਂ ਦਾ ਤਜਰਬਾ ਹਾਸਲ ਕਰਨ ਅਤੇ ਆਪਣੇ ਪ੍ਰਦਰਸ਼ਨ ਨੂੰ ਹੋਰ ਨਿਖਾਰਨ ਲਈ ਅਹਿਮ ਮੰਚ ਪ੍ਰਦਾਨ ਕੀਤਾ ਹੈ। ਦੋਵਾਂ ਦਿਨਾਂ ਦੌਰਾਨ ਖਿਡਾਰਨਾਂ ਦਾ ਉਤਸ਼ਾਹ, ਅਨੁਸ਼ਾਸਨ ਅਤੇ ਜਿੱਤ ਲਈ ਜਜ਼ਬਾ ਦੇਖਣਯੋਗ ਰਿਹਾ। ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਮਹਿਲਾ ਸਾਈਕਲਿਸਟਾਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਨ ਅਤੇ ਹੋਰ ਲੜਕੀਆਂ ਨੂੰ ਇਸ ਖੇਡ ਨਾਲ ਜੋੜਨ ਲਈ ਆਪਣੇ ਯਤਨ ਜਾਰੀ ਰੱਖੇਗੀ।"




ਜਗਦੀਪ ਸਿੰਘ ਕਾਹਲੋਂ ਨੇ ਅੱਗੇ ਕਿਹਾ ਕਿ ਅਜਿਹੇ ਮੁਕਾਬਲੇ ਨਵੀਂ ਪ੍ਰਤਿਭਾ ਦੀ ਪਛਾਣ ਕਰਨ ਦੇ ਨਾਲ-ਨਾਲ ਖਿਡਾਰਨਾਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੇ ਹਨ ਅਤੇ ਉਨ੍ਹਾਂ ਨੂੰ ਅਗਲੇ ਪੱਧਰ ਦੇ ਮੁਕਾਬਲਿਆਂ ਦੀ ਤਿਆਰੀ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਜੇਤੂਆਂ ਨੂੰ ਵਧਾਈ ਦਿੰਦਿਆਂ ਸਾਰੀਆਂ ਭਾਗੀਦਾਰ ਖਿਡਾਰਨਾਂ ਨੂੰ ਨਿਰੰਤਰ ਅਭਿਆਸ ਕਰਨ ਅਤੇ ਆਪਣੇ ਟੀਚਿਆਂ ਪ੍ਰਤੀ ਸਮਰਪਿਤ ਰਹਿਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਖਿਡਾਰਨਾਂ ਦੀ ਤਰੱਕੀ ਵਿੱਚ ਕੋਚਾਂ ਅਤੇ ਮਾਪਿਆਂ ਦਾ ਸਹਿਯੋਗ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ।

ਕੌਮਾਂਤਰੀ ਸਾਈਕਲਿਸਟ ਬਖ਼ਸ਼ੀਸ਼ ਸਿੰਘ ਨੇ ਖਿਡਾਰਨਾਂ ਦੀ ਮਿਹਨਤ ਅਤੇ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਤਕਨੀਕੀ ਮੁਹਾਰਤ, ਸਰੀਰਕ ਤੰਦਰੁਸਤੀ ਅਤੇ ਅਨੁਸ਼ਾਸਨ ਵੱਲ ਨਿਰੰਤਰ ਧਿਆਨ ਦੇਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਜੇਤੂਆਂ ਨੂੰ ਆਪਣੀ ਕਾਰਗੁਜ਼ਾਰੀ ਹੋਰ ਬਿਹਤਰ ਬਣਾਉਣ ਅਤੇ ਹੋਰਨਾਂ ਭਾਗੀਦਾਰਾਂ ਨੂੰ ਮੁਕਾਬਲਿਆਂ ਤੋਂ ਮਿਲੇ ਤਜਰਬੇ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਸਮਾਪਤੀ ਮੌਕੇ ਜਗਦੀਪ ਸਿੰਘ ਕਾਹਲੋਂ ਨੇ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ, ਐੱਨ.ਐੱਸ.ਐੱਨ.ਆਈ.ਐੱਸ. ਦੇ ਪ੍ਰਬੰਧਕਾਂ, ਮਹਿਮਾਨਾਂ, ਕੋਚਾਂ, ਤਕਨੀਕੀ ਅਧਿਕਾਰੀਆਂ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕੌਮਾਂਤਰੀ ਸਾਈਕਲਿਸਟ ਬਖ਼ਸ਼ੀਸ਼ ਸਿੰਘ ਵੱਲੋਂ ਮੁਕਾਬਲਿਆਂ ਦੇ ਸੰਚਾਲਨ ਅਤੇ ਖਿਡਾਰਨਾਂ ਨੂੰ ਉਤਸ਼ਾਹਿਤ ਕਰਨ ਲਈ ਦਿੱਤੇ ਯੋਗਦਾਨ ਦੀ ਵਿਸ਼ੇਸ਼ ਸ਼ਲਾਘਾ ਕੀਤੀ। ਇਸ ਮੌਕੇ ਸਾਈਕਲਿੰਗ ਐਸੋਸੀਏਸ਼ਨ ਪੰਜਾਬ ਦੇ ਟਰੈਜਰਾਰ ਬੀਐਸ ਸੂਦਨ, ਕੌਮਾਂਤਰੀ ਸਾਈਕਲਿਸਟ ਅਤੇ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਦੇ ਸੰਯੁਕਤ ਸਕੱਤਰ ਸਤਵਿੰਦਰ ਸਿੰਘ, ਵਾਈਸ ਪ੍ਰਧਾਨ ਐਸ.ਪੀ. ਸਿੰਘ, ਸਪੋਰਟਸ ਪ੍ਰਮੋਟਰ ਗੁਰਵਿੰਦਰ ਸਿੰਘ ਬੀ.ਈ.ਈ., ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ ਸੰਗਰੂਰ ਦੇ ਸੀਨੀਅਰ ਅਹੁਦੇਦਾਰ ਕੁਲਦੀਪ ਸਿੰਘ, ਕੌਮਾਂਤਰੀ ਸਾਈਕਲਿਸਟ ਗੁਰਬਾਜ ਸਿੰਘ, ਨੀਰਜ ਸਾਹਨੀ ਤੇ ਮੁਨੀਸ਼ ਸਾਹਨੀ, ਰਾਜਵਿੰਦਰ ਕੌਰ, ਵੀ. ਸ਼ਰੇਨੂ ਕੁਮਾਰ, ਗੁਰਪ੍ਰੀਤ ਕੌਰ, ਐਨਆਈਐਸ ਦੇ ਚੀਫ ਕੋਚ ਸ਼੍ਰੀ ਜੋਗਿੰਦਰ, ਸਮੇਤ ਵੱਖ-ਵੱਖ ਪ੍ਰਬੰਧਕ ਅਤੇ ਅਹੁਦੇਦਾਰ ਅਤੇ ਵੱਡੀ ਗਿਣਤੀ ਖਿਡਾਰੀ ਹਾਜ਼ਰ ਸਨ।

## ਅਹਿਮਦਗੜ੍ਹ ਦੇ ਸਥਾਨਕ ਗਾਂਧੀ ਸਕੂਲ ਵਿੱਚ ਰਾਮਲੀਲਾ ਦਾ ਸ਼ਾਨਦਾਰ ਆਯੋਜਨ, ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਦੇ ਮੈਂਬਰਾਂ ਨੇ ਕੀਤਾ ਉਦਘਾਟਨ

### ਭਗਵਾਨ ਸ਼੍ਰੀ ਰਾਮ ਦੇ ਆਦਰਸ਼ਾਂ 'ਤੇ ਚੱਲਣ ਦੀ ਲੋੜ — ਲਲਿਤ ਗੁਪਤਾ

ਵਰਲਡ ਪੰਜਾਬੀ ਟਾਈਮਜ਼ ਪਵਨ ਗੁਪਤਾ

ਅਹਿਮਦਗੜ੍ਹ, 16 ਅਕਤੂਬਰ : ਸਥਾਨਕ ਗਾਂਧੀ ਸਕੂਲ ਵਿੱਚ ਕਰਵਾਈ ਜਾ ਰਹੀ ਸਾਲਾਨਾ ਰਾਮਲੀਲਾ ਦੇ ਤੀਜੇ ਦਿਨ ਦਾ ਸ਼ਾਨਦਾਰ ਉਦਘਾਟਨ ਪੂਰੀ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਕੀਤਾ ਗਿਆ। ਇਸ ਮੌਕੇ ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਅਹਿਮਦਗੜ੍ਹ ਦੇ ਮੈਂਬਰ ਲੈਕਚਰਾਰ ਲਲਿਤ ਗੁਪਤਾ, ਨਰੇਸ਼ ਬਾਂਸਲ, ਕਮਲ ਲਾਲੀ ਅਤੇ ਸ਼ਿਵ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਰਿਬਨ ਕੱਟ ਕੇ ਸਮਾਗਮ ਦਾ ਉਦਘਾਟਨ ਕੀਤਾ। ਰਾਮਲੀਲਾ ਕਮੇਟੀ ਦੇ ਅਹੁਦੇਦਾਰਾਂ ਦੀਪਕ ਸ਼ਰਮਾ ਦੀਪਾ, ਦੇਸ਼ਰਾਜ ਸ਼ਰਮਾ ਅਤੇ ਅਜੀਤ ਸਿੰਘ ਰਾਜਦ ਨੇ ਮੁੱਖ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਅਤੇ






ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਦੇ ਮੈਂਬਰ ਲਲਿਤ ਗੁਪਤਾ ਅਤੇ ਰਮਨ ਸੂਦ ਨੇ ਤ੍ਰਿਮੂਰਤੀ ਕਲਾ ਮੰਚ, ਭਾਰਤੀ ਸਨਾਤਨ ਧਰਮ ਮਹਾਵੀਰ ਦਲ ਅਤੇ ਸਮਾਜ ਸੇਵਾ ਕਮੇਟੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਹਾਜ਼ਰ ਸੰਗਤ ਨੂੰ ਭਗਵਾਨ ਸ਼੍ਰੀ ਰਾਮ ਦੇ ਆਦਰਸ਼ਾਂ 'ਤੇ ਚੱਲਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਜੀਵਨ ਵਿੱਚ ਮਰਿਆਦਾ, ਸੱਚਾਈ, ਤਿਆਗ ਅਤੇ ਸੇਵਾ ਦੀ ਭਾਵਨਾ ਨੂੰ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਨੇ ਅਹਿਮਦਗੜ੍ਹ ਵਿੱਚ ਇਸ ਧਾਰਮਿਕ ਪਰੰਪਰਾ ਨੂੰ ਜਿਊਂਦਾ ਰੱਖਣ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ।

ਉਦਘਾਟਨ ਸਮਾਰੋਹ ਤੋਂ ਬਾਅਦ ਰਾਮਲੀਲਾ ਦੇ ਕਲਾਕਾਰਾਂ ਨੇ ਤੀਜੇ ਦਿਨ ਦੇ ਪ੍ਰਸੰਗਾਂ ਕੈਕਈ-ਮੰਥਰਾ ਸੰਵਾਦ ਅਤੇ ਸ਼੍ਰੀ ਰਾਮ ਵਣਵਾਸ ਦਾ ਬੇਹੱਦ ਜੀਵੰਤ ਅਤੇ ਮਨਮੋਹਕ ਮੰਚਨ ਕੀਤਾ। ਇਸ ਦਾ ਆਨੰਦ ਮਾਣਨ ਲਈ ਵੱਡੀ ਗਿਣਤੀ ਵਿੱਚ ਸਥਾਨਕ ਸ਼ਰਧਾਲੂ ਅਤੇ ਦਰਸ਼ਕ ਗਾਂਧੀ ਸਕੂਲ ਦੇ ਵਿਹੜੇ ਵਿੱਚ ਪਹੁੰਚੇ। ਪੂਰਾ ਪੰਡਾਲ 'ਜੈ ਸ਼੍ਰੀ ਰਾਮ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਰਾਮਲੀਲਾ ਕਮੇਟੀ ਵੱਲੋਂ ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਅਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮੁਕੇਸ਼ ਮੋਰਵਾਲ, ਸ਼ਿਵ ਸ਼ਰਮਾ, ਭਾਰਤ ਕਪੂਰ, ਨਰੇਸ਼ ਬਾਂਸਲ, ਮਾਨਵ ਸ਼ਰਮਾ, ਰਾਜੀਵ ਗਰਗ ਰਾਜੂ ਰੀਟਾ ਗਰਗ ਗਾਇਤਰੀ ਸ਼ਰਮਾ ਜਤਿੰਦਰ ਵਰਮਾ ਤੋਂ ਇਲਾਵਾ ਸ਼ਹਿਰ ਦੇ ਸੈਂਕੜੇ ਸ਼ਰਧਾਲੂ ਹਾਜ਼ਰ ਸਨ।

## ਸਮਾਜ ਸੇਵੀ ਪਰਵਿੰਦਰ ਝੋਟੇ ਦੀ ਮੌਤ ਖ਼ਿਲਾਫ਼ ਫ਼ਰੀਦਕੋਟ ਅਤੇ ਕੋਟਕਪੂਰਾ ਸ਼ਹਿਰ ਮੁਕੰਮਲ ਬੰਦ!

### ਵੱਖ ਵੱਖ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਅਤੇ ਡੀ.ਜੀ.ਪੀ. ਦੇ ਅਸਤੀਫ਼ੇ ਦੀ ਮੰਗ!

### ਫ਼ਰੀਦਕੋਟ ਵਿੱਚ ਆਮ ਆਦਮੀ ਪਾਰਟੀ ਦੇ ਫਲੈਕਸ ਪਾੜੇ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 16 ਅਕਤੂਬਰ : ਅੱਜ ਪਰਮਿੰਦਰ ਝੋਟਾ ਦੇ ਪਰਿਵਾਰ ਨੂੰ ਇਨਸਾਫ ਦਵਾਉਣ ਲਈ ਐਕਸ਼ਨ ਕਮੇਟੀ ਵੱਲੋਂ ਦਿੱਤੇ ਬੰਦ ਦੇ ਸੱਦੇ ਤਹਿਤ ਫ਼ਰੀਦਕੋਟ ਅਤੇ ਕੋਟਕਪੂਰਾ ਸ਼ਹਿਰ ਮੁਕੰਮਲ ਬੰਦ ਰਿਹਾ। ਇਸ ਬੰਦ ਦੇ ਸੱਦੇ ਨੂੰ ਪੰਜਾਬ ਸਟੂਡੈਂਟਸ ਯੂਨੀਅਨ, ਨੌਜਵਾਨ ਭਾਰਤ ਸਭਾ ਅਤੇ ਸੰਯੁਕਤ ਕਿਸਾਨ ਮੋਰਚਾ ਦੀਆਂ ਜਥੇਬੰਦੀਆਂ ਨੇ ਲਾਗੂ ਕਰਦੇ ਹੋਏ ਸ਼ਹਿਰ ਵਿਚ ਮਾਰਚ ਕਰਦੇ ਹੋਈਏ ਦੁਕਾਨਦਾਰਾਂ ਅਤੇ ਵਪਾਰੀਆਂ ਨੂੰ ਅਪੀਲ ਕੀਤੀ। ਸ਼ਹਿਰ ਵਾਸੀਆਂ ਵਲੋਂ ਪੂਰਨ ਸਹਿਯੋਗ ਦਿੰਦੇ ਹੋਏ ਸਾਰੀਆਂ ਦੁਕਾਨਾਂ ਬੰਦ ਕੀਤੀਆਂ ਗਈਆਂ। ਪੀਐੱਸਯੂ ਅਤੇ ਐੱਨਬੀਐੱਸ ਵੱਲੋਂ ਐਕਸ਼ਨ ਕਮੇਟੀ ਦੇ ਸੱਦੇ ਤਹਿਤ ਫਰੀਦਕੋਟ ਵਿਖ਼ੇ ਆਮ ਆਦਮੀ ਪਾਰਟੀ ਦੇ ਫਲੈਕਸ ਬੋਰਡ ਅਤੇ ਪੋਸਟਰ ਪਾੜੇ ਗਏ। ਨੋਜਵਾਨ ਭਾਰਤ ਸਭਾ ਦੇ ਸੂਬਾ ਆਗੂ ਨੌਨਿਹਾਲ ਸਿੰਘ ਦੀਪ ਸਿੰਘ ਵਾਲਾ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਹਰਵੀਰ ਕੌਰ ਗੰਧੜ ਨੇ ਕਿਹਾ ਕਿ ਪਰਵਿੰਦਰ ਝੋਟੇ ਦੀ ਮੌਤ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦੀ ਨਾਕਾਮੀ ਹੈ। ਨਸ਼ਾਂ ਤਸਕਰ ਸ਼ਰੇਆਮ ਨਸ਼ਾ ਵੇਚ ਰਹੇ ਹਨ ਅਤੇ ਉਹਨਾਂ ਖਿਲਾਫ ਬੋਲਣ ਵਾਲੇ ਲੋਕਾਂ ਨੂੰ ਨਿਸ਼ਾਨਾਂ ਵੀ ਬਣਾਇਆ ਜਾ ਰਿਹਾ ਹੈ। ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਦਾ ਐਲਾਨ ਵੀ ਬਾਕੀ ਐਲਾਨਾਂ ਵਾਂਗ ਝੂਠਾ ਸਾਬਿਤ ਹੋਇਆ ਹੈ। ਅਯੋਗ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀਆਈਜੀ ਪੰਜਾਬ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ। ਪਰਵਿੰਦਰ ਸਿੰਘ ਦੇ ਕਤਲ ਦੀ ਸੀਬੀਆਈ ਜਾਂਚ ਹੋਵੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਅੱਜ ਜਦੋਂ ਪੰਜਾਬ ਨਸ਼ੇ ਤਸਕਰਾਂ ਖਿਲਾਫ ਬੰਦ ਹੋਇਆ ਹੈ ਪਰ ਨਸ਼ਾਂ ਤਸਕਰਾਂ ਦਾ ਵਾਪਰ ਸ਼ਰੇਆਮ ਚੱਲ ਰਿਹਾ ਹੈ, ਅੱਜ ਸ਼ਹਿਰ ਵਿੱਚ ਨਸ਼ੀਲੀਆਂ ਗੋਲੀਆਂ ਵੇਚਦੇ ਹੋਏ ਇਕ ਵਿਅਕਤੀ ਨੂੰ ਲੋਕਾਂ ਨੇ ਕਾਬੂ ਕੀਤਾ ਪਰ ਪੁਲਿਸ ਮੂਕ ਦਰਸ਼ਕ ਬਣ ਕੇ ਵੇਖਦੀ ਰਹੀ। ਨਸ਼ਾ ਸਮੱਗਲਰਾਂ ਨੂੰ ਇਥੋਂ ਦੀ ਸਿਆਸੀ ਪਾਰਟੀਆਂ ਅਤੇ ਪੁਲਿਸ ਦੀ ਸ਼ਹਿ ਮਿਲੀ ਹੋਈ ਹੈ। ਪੁਲਿਸ-ਸਿਆਸੀ-ਨਸ਼ਾ ਤਸਕਰਾਂ ਦੇ ਗਠਜੋੜ ਖਿਲਾਫ ਅੱਜ ਲੋਕ ਲਹਿਰ ਬਣ ਰਹੀ ਹੈ ਇਸੇ ਲਹਿਰ ਨੇ ਹੀ ਨਸ਼ਿਆਂ ਨੂੰ ਠੱਲ੍ਹ ਪਾਉਣੀ ਹੈ। ਪਰਵਿੰਦਰ ਝੋਟੇ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਅਤੇ ਨਸ਼ਾਂ ਬੰਦ ਹੋਣ ਤੱਕ ਸੰਘਰਸ਼ ਜਾਰੀ ਰਹੇਗਾ। ਅੱਜ ਵੱਖ ਵੱਖ ਥਾਵਾਂ 'ਤੇ ਪ੍ਰਦਰਸ਼ਨਕਾਰੀਆਂ ਨੂੰ ਗਿਰਫ਼ਤਾਰ ਕਰਨ ਦੀ ਨਿਖੇਧੀ ਵੀ ਕੀਤੀ ਗਈ।

## 'ਪੰਜਾਬ ਬੰਦ' ਦੌਰਾਨ ਨਸ਼ੀਲੇ ਕੈਪਸੂਲ ਵੇਚਦਾ ਨੌਜਵਾਨ ਕਾਬੂ ਪ੍ਰਦਰਸ਼ਨਕਾਰੀਆਂ ਨੇ ਫਰੀਦਕੋਟ ਦੀਆਂ ਸੜਕਾਂ 'ਤੇ ਕੱਢਿਆ ਜਲੂਸਨਸ਼ੀਲੇ ਕੈਪਸੂਲਾਂ ਸਮੇਤ ਫੜੇ ਗਏ ਮੁਲਜ਼ਮ ਨੂੰ ਲੈ ਕੇ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿੱਚ ਹੋਈ ਬਹਿਸ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 16 ਅਕਤੂਬਰ : ਈ-ਪ੍ਰੋਫਾਈਲ ਪਰਵਿੰਦਰ ਸਿੰਘ ਝੋਟਾ ਕਤਲ ਕੇਸ ਦੇ ਵਿਰੋਧ ਵਿੱਚ ਸੱਦੇ ਗਏ ਸੂਬਾ ਪੱਧਰੀ 'ਪੰਜਾਬ ਬੰਦ' ਦੌਰਾਨ ਫਰੀਦਕੋਟ ਸ਼ਹਿਰ ਵਿੱਚ ਭਾਰੀ ਹੰਗਾਮਾ ਹੋਇਆ। ਪ੍ਰਦਰਸ਼ਨਕਾਰੀਆਂ ਅਤੇ ਸਥਾਨਕ ਜਥੇਬੰਦੀਆਂ ਦੇ ਮੈਂਬਰਾਂ ਨੇ ਸ਼ਹਿਰ ਦੇ ਬੱਸ ਸਟੈਂਡ ਨੇੜੇ ਕਥਿੱਤ ਤੌਰ 'ਤੇ ਪਾਬੰਦੀਸ਼ੁਦਾ ਨਸ਼ੀਲੇ ਕੈਪਸੂਲ ਵੇਚ ਰਹੇ ਇੱਕ ਨੌਜਵਾਨ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। ਪਰਵਿੰਦਰ ਝੋਟਾ ਕਤਲ ਕੇਸ ਦੇ ਮੱਦੇਨਜ਼ਰ ਸੱਦੇ ਗਏ ਸੂਬਾ ਪੱਧਰੀ ਬੰਦ ਨੂੰ ਸਫਲ ਬਣਾਉਣ ਲਈ ਫਰੀਦਕੋਟ ਦੇ ਬਾਜ਼ਾਰ ਪੂਰੀ ਤਰ੍ਹਾਂ ਬੰਦ ਰਹੇ ਅਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਧਰਨੇ ਤੇ ਪ੍ਰਦਰਸ਼ਨ ਕੀਤੇ ਗਏ। ਅੱਜ ਦੁਪਹਿਰ, ਜਲ ਜੀਵਨ ਬਚਾਓ ਮੋਰਚਾ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਬੱਸ ਸਟੈਂਡ ਇਲਾਕੇ ਨੇੜੇ ਇੱਕ ਸ਼ੱਕੀ ਵਿਅਕਤੀ ਸ਼ਰੇਆਮ ਨਸ਼ੀਲੇ ਕੈਪਸੂਲ ਵੇਚ ਰਿਹਾ ਹੈ। ਤੁਰਤ ਕਾਰਵਾਈ ਕਰਦਿਆਂ ਮੈਂਬਰਾਂ ਨੇ ਨੌਜਵਾਨ ਨੂੰ ਰੋਕਿਆ ਅਤੇ ਉਸ ਕੋਲੋਂ ਨਸ਼ੀਲੇ ਕੈਪਸੂਲਾਂ ਦੀਆਂ ਪੱਤੀਆਂ ਬਰਾਮਦ ਕੀਤੀਆਂ। ਅਪਰਾਧ ਅਤੇ ਕਾਨੂੰਨ ਵਿਵਸਥਾ ਦੇ ਵਿਰੁੱਧ ਇੱਕ ਵੱਡੇ ਜਨਤਕ ਪ੍ਰਦਰਸ਼ਨ ਦੌਰਾਨ ਸ਼ਰੇਆਮ ਨਸ਼ੇ ਵੇਚਣ ਦੀ ਇਸ ਘਟਨਾ ਤੋਂ ਭੜਕੇ ਪ੍ਰਦਰਸ਼ਨਕਾਰੀਆਂ ਨੇ ਕੁਝ ਸਮੇਂ ਲਈ ਕਾਨੂੰਨ ਆਪਣੇ ਹੱਥ ਵਿੱਚ ਲੈ ਲਿਆ। ਜਨਤਕ ਤੌਰ 'ਤੇ ਸ਼ਰਮਿੰਦਾ ਕਰਨ ਅਤੇ ਰੋਸ ਦੇ ਪ੍ਰਤੀਕ ਵਜੋਂ ਉਨ੍ਹਾਂ ਨੇ ਮੁਲਜ਼ਮ ਦਾ ਵਿਰੋਧ ਮਾਰਚ ਦੇ ਰੂਪ ਵਿੱਚ ਸ਼ਹਿਰ ਦੀਆਂ ਸੜਕਾਂ 'ਤੇ ਜਲੂਸ ਕੱਢਿਆ। ਜਦੋਂ ਪ੍ਰਦਰਸ਼ਨਕਾਰੀ ਸਿਟੀ ਥਾਣੇ ਨੇੜੇ ਪਹੁੰਚੇ, ਤਾਂ ਐੱਸ ਐੱਚ ਓ ਰਾਜਵੰਤ ਸਿੰਘ ਨੇ ਮੁਲਜ਼ਮ ਨੂੰ ਸਿੱਧਾ ਥਾਣੇ ਦੇ ਅੰਦਰ ਹਿਰਾਸਤ ਵਿੱਚ ਲੈਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਭੀੜ ਨੇ ਇਸਦਾ ਸਖ਼ਤ ਵਿਰੋਧ ਕੀਤਾ, ਜਿਸ ਕਾਰਨ ਮਾਹੌਲ ਤਣਾਅਪੂਰਨ ਹੋ ਗਿਆ ਅਤੇ ਸ਼ੱਕੀ ਵਿਅਕਤੀ ਨਾਲ ਕਿਵੇਂ ਨਜਿੱਠਿਆ ਜਾਵੇ, ਇਸ ਗੱਲ 'ਤੇ ਤਿੱਖੀ ਬਹਿਸ ਹੋਈ। ਇਸ ਤਣਾਅਪੂਰਨ ਸਥਿਤੀ ਨੂੰ ਸ਼ਾਂਤ ਕਰਨ ਲਈ, ਪੁਲੀਸ ਅਧਿਕਾਰੀ ਮੁਲਜ਼ਮ ਨੂੰ ਤੁਰੰਤ ਥਾਣੇ ਅੰਦਰ ਹਿਰਾਸਤ ਵਿੱਚ ਲੈਣ ਤੋਂ ਪਿੱਛੇ ਹਟ ਗਏ ਅਤੇ ਇਸਦੀ ਬਜਾਏ ਪ੍ਰਦਰਸ਼ਨਕਾਰੀਆਂ ਅਤੇ ਸ਼ੱਕੀ ਵਿਅਕਤੀ ਦੇ ਨਾਲ ਵਾਪਸ ਮੁੱਖ ਪ੍ਰਦਰਸ਼ਨ ਵਾਲੀ ਥਾਂ 'ਤੇ ਚਲੇ ਗਏ। ਬਾਅਦ ਵਿੱਚ ਸਥਿਤੀ ਨੂੰ ਕਾਬੂ ਕਰਨ ਲਈ ਐੱਸ ਪੀ ਜਸਪ੍ਰੀਤ ਸਿੰਘ ਸਮੇਤ ਸੀਨੀਅਰ ਪੁਲੀਸ ਅਧਿਕਾਰੀ ਮੌਕੇ 'ਤੇ ਪਹੁੰਚੇ। ਅੰਤ ਵਿੱਚ ਮੁਲਜ਼ਮ ਨੂੰ ਪੁਲੀਸ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ, ਜਿਨ੍ਹਾਂ ਨੇ ਉਸਦੇ ਨੈੱਟਵਰਕ ਅਤੇ ਨਸ਼ੇ ਦੀ ਸਪਲਾਈ ਦੇ ਸਰੋਤ ਦਾ ਪਤਾ ਲਗਾਉਣ ਲਈ ਰਸਮੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਡੀ.ਸੀ. ਵੱਲੋਂ ਪਿੰਡ ਖਾਰਾ ਅਤੇ ਵਾਂਦਰ ਜਟਾਣਾ ਵਿਖੇ ਬਾਰਿਸ਼ ਤੇ ਗੜ੍ਹੇਮਾਰੀ ਕਾਰਨ ਨੁਕਸਾਨੀ ਝੋਨੇ ਦੀ ਫ਼ਸਲ ਦਾ ਜਾਇਜ਼ਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 16 ਅਕਤੂਬਰ : ਵਿਧਾਨ ਸਭਾਂ ਹਲਕਾ ਕੋਟਕਪੂਰਾ ਦੇ ਅਧੀਨ ਆਉਂਦੇ ਪਿੰਡਾਂ ਖਾਰਾ ਅਤੇ ਵਾਂਦਰ ਜਟਾਣਾ ਵਿਖੇ ਤੇਜ਼ ਬਾਰਿਸ਼ਅਤੇ ਗੜ੍ਹੇਮਾਰੀ ਕਾਰਨ ਝੋਨੇ ਦੀ ਖੜ੍ਹੀ ਫ਼ਸਲ ਦਾ ਕਾਫ਼ੀ ਨੁਕਸਾਨ ਹੋਇਆ ਹੈ। ਇਸ ਸਬੰਧੀ ਸਥਿਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਖ਼ੁਦ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਅਤੇ ਖੇਤਾਂ ਵਿੱਚ ਜਾ ਕੇ ਨੁਕਸਾਨੀ ਫ਼ਸਲ ਦੀ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਡੀ.ਐਮ. ਕੋਟਕਪੂਰਾ ਰਜਿੰਦਰ ਸਿੰਘ, ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਪ੍ਰਭਾਵਿਤ ਖੇਤਾਂ ਦਾ ਨਿਰੀਖਣ ਕਰਦਿਆਂ ਬਾਰਿਸ਼ ਅਤੇ ਗੜ੍ਹੇਮਾਰੀ ਕਾਰਨ ਝੋਨੇ ਦੀ ਫ਼ਸਲ ਨੂੰ ਹੋਏ ਨੁਕਸਾਨ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਖੇਤਾਂ ਵਿੱਚ ਜਾ ਕੇ ਫ਼ਸਲ ਦੀ



ਮੌਜੂਦਾ ਸਥਿਤੀ ਨੂੰ ਦੇਖਿਆ ਅਤੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਜਾਣਿਆ। ਉਨ੍ਹਾਂ ਕਿਹਾ ਕਿ ਅਚਾਨਕ ਬਦਲੇ ਮੌਸਮ ਕਾਰਨ ਖੇਤਾਂ ਵਿੱਚ ਖੜ੍ਹੀ ਫ਼ਸਲ ਦੇ ਪ੍ਰਭਾਵਿਤ ਹੋਣ ਨਾਲ ਕਿਸਾਨਾਂ ਦੀ ਚਿੰਤਾ ਵਧ ਗਈ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੌਸਮ ਕਾਰਨ ਪੈਦਾ ਹੋਈ ਸਥਿਤੀ ਤੇ ਨਜ਼ਰ ਰੱਖੀ ਜਾ ਰਹੀ ਹੈ। ਪ੍ਰਭਾਵਿਤ ਕਿਸਾਨਾਂ ਦੀਆਂ ਮੁਸ਼ਕਲਾਂ ਅਤੇ ਫ਼ਸਲਾਂ ਦੇ ਨੁਕਸਾਨ ਸਬੰਧੀ ਵੇਰਵਿਆਂ ਨੂੰ ਧਿਆਨ ਵਿੱਚ ਰੱਖਦਿਆਂ ਨਿਯਮਾਂ ਅਨੁਸਾਰ ਅਗਲੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਪਰਮਿੰਦਰ ਸਿੰਘ ਤਹਿਸੀਲਦਾਰ ਕੋਟਕਪੂਰਾ, ਜਗਤਾਰ ਸਿੰਘ ਜੱਗਾ ਸਰਪੰਚ ਪਿੰਡ ਖਾਰਾ ਤੋਂ ਇਲਾਵਾ ਕਿਸਾਨ ਅਤੇ ਪਿੰਡ ਵਾਸੀ ਹਾਜ਼ਰ ਸਨ।

## ਖ਼ਰਾਬ ਮੌਸਮ ਦੇ ਬਾਵਜੂਦ ਪੰਜਵੇਂ ਨਰਾਤੇ ਮੌਕੇ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਲੱਗੀਆਂ ਰੌਣਕਾਂ, ਲਗਭਗ 30 ਹਜ਼ਾਰ ਸ਼ਰਧਾਲੂ ਹੋਏ ਨਤਮਸਤਕ

### ਮਾਲ ਰੋਡ ਤੋਂ ਮੁਫ਼ਤ ਈ-ਰਿਕਸ਼ਾ ਸੇਵਾ ਨੂੰ ਸ਼ਰਧਾਲੂਆਂ ਵੱਲੋਂ ਭਰਵਾਂ ਹੁੰਗਾਰਾ

### ਨਵੇਂ ਉਸਾਰੇ ਲੰਗਰ ਹਾਲ ਵਿੱਚ ਵੀ ਲੱਗੀਆਂ ਰੌਣਕਾਂ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 16 ਅਕਤੂਬਰ : ਖ਼ਰਾਬ ਮੌਸਮ ਦੇ ਬਾਵਜੂਦ ਅੱਸੂ ਦੇ ਪੰਜਵੇਂ ਨਰਾਤੇ ਮੌਕੇ ਪਟਿਆਲਾ ਦੇ ਇਤਿਹਾਸਕ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਸ਼ਰਧਾਲੂਆਂ ਦਾ ਉਤਸ਼ਾਹ ਦੇਖਣਯੋਗ ਰਿਹਾ। ਅੱਜ ਲਗਭਗ 30 ਹਜ਼ਾਰ ਸ਼ਰਧਾਲੂਆਂ ਨੇ ਮਾਤਾ ਦੇ ਦਰਬਾਰ ਵਿੱਚ ਨਤਮਸਤਕ ਹੋ ਕੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਵੇਰ ਤੋਂ ਹੀ ਦੂਰ-ਦੁਰਾਡੇ ਤੋਂ ਸ਼ਰਧਾਲੂ ਮੱਥਾ ਟੇਕਣ ਲਈ ਮੰਦਰ ਵਿਖੇ ਪਹੁੰਚਦੇ ਰਹੇ। ਮੰਦਰ ਦੇ ਨਵੀਨੀਕਰਨ ਉਪਰੰਤ ਸ਼ਰਧਾਲੂਆਂ ਨੂੰ ਮਿਲ ਰਹੀਆਂ ਸਹੂਲਤਾਂ ਪ੍ਰਤੀ ਵੀ ਉਨ੍ਹਾਂ ਵਿੱਚ ਖ਼ਾਸ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਮੰਦਰ ਦੀ ਸਲਾਹਕਾਰ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਵੱਲੋਂ ਸ਼ਰਧਾਲੂਆਂ ਦਾ ਸਵਾਗਤ ਕੀਤਾ ਗਿਆ।






ਮੰਦਰ ਵਿਖੇ ਮੱਥਾ ਟੇਕਣ ਆਏ ਸ਼ਰਧਾਲੂਆਂ ਨੇ ਮਾਲ ਰੋਡ ਤੋਂ ਮੰਦਰ ਤੱਕ ਮੁਹੱਈਆ ਕਰਵਾਈ ਜਾ ਰਹੀ ਮੁਫ਼ਤ ਈ-ਰਿਕਸ਼ਾ ਸੇਵਾ ਦੀ ਸ਼ਲਾਘਾ ਕੀਤੀ। ਇਸ ਸੇਵਾ ਨਾਲ ਸ਼ਰਧਾਲੂਆਂ ਨੂੰ ਆਵਾਜਾਈ ਵਿੱਚ ਸਹੂਲਤ ਮਿਲ ਰਹੀ ਹੈ। ਇਸ ਦੇ ਨਾਲ ਹੀ ਮੰਦਰ ਦੇ ਨਵੇਂ ਉਸਾਰੇ ਲੰਗਰ ਹਾਲ ਵਿੱਚ ਵੀ ਸ਼ਰਧਾਲੂਆਂ ਦੀ ਭਰਵੀਂ ਆਮਦ ਦੇਖਣ ਨੂੰ ਮਿਲੀ।

ਮੰਦਰ ਦੇ ਨਵੇਂ ਉਸਾਰੇ ਗਏ ਲੰਗਰ ਹਾਲ ਵਿੱਚ ਭਰਵੀਂ ਆਮਦ ਦੇਖਣ ਨੂੰ ਮਿਲੀ। ਮਾਤਾ ਰਾਣੀ ਦੇ ਦਰਬਾਰ ਵਿੱਚ ਨਤਮਸਤਕ ਹੋਣ ਲਈ ਪਹੁੰਚੇ ਸ਼ਰਧਾਲੂਆਂ ਨੇ ਲੰਗਰ ਹਾਲ ਵਿੱਚ ਬੈਠ ਕੇ ਲੰਗਰ ਛਕਿਆ। ਲੰਗਰ ਹਾਲ ਵਿੱਚ ਕੀਤੇ ਗਏ ਪ੍ਰਬੰਧਾਂ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਉਪਲਬਧ ਕਰਵਾਈਆਂ ਗਈਆਂ ਸਹੂਲਤਾਂ ਪ੍ਰਤੀ ਵੀ ਲੋਕਾਂ ਵਿੱਚ ਸੰਤੁਸ਼ਟੀ ਦੇਖਣ ਨੂੰ ਮਿਲੀ। ਨਰਾਤਿਆਂ ਦੇ ਪਵਿੱਤਰ ਮੌਕੇ ਮੰਦਰ ਵਿਖੇ ਲੰਗਰ ਦੀ ਸੇਵਾ ਨੇ ਸੇਵਾ, ਸ਼ਰਧਾ ਅਤੇ ਆਪਸੀ ਸਾਂਝ ਦਾ ਸੰਦੇਸ਼ ਦਿੱਤਾ। ਖ਼ਰਾਬ ਮੌਸਮ ਦੇ ਬਾਵਜੂਦ ਸ਼ਰਧਾਲੂਆਂ ਦੀ ਆਮਦ ਅਤੇ ਲੰਗਰ ਪ੍ਰਤੀ ਉਨ੍ਹਾਂ ਦਾ ਉਤਸ਼ਾਹ ਮਾਤਾ ਰਾਣੀ ਪ੍ਰਤੀ ਉਨ੍ਹਾਂ ਦੀ ਅਟੁੱਟ ਆਸਥਾ ਨੂੰ ਦਰਸਾਉਂਦਾ ਰਿਹਾ।

ਮੰਦਰ ਦੀ ਸਲਾਹਕਾਰ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਮਹੇਸ਼ ਮਿੱਤਲ, ਸੀ.ਏ. ਅਜੇ ਅਲੀਪੁਰੀਆ, ਡਾ. ਰਾਜ ਕੁਮਾਰ ਗੁਪਤਾ ਅਤੇ ਸੰਜੇ ਸਿੰਗਲਾ ਨੇ ਦੱਸਿਆ ਕਿ ਨਰਾਤਿਆਂ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਮਾਲ ਰੋਡ ਵਿਖੇ ਹਰ ਰੋਜ਼ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਮਾਤਾ ਕੀ ਚੌਂਕੀ ਸਜਾਈ ਜਾਂਦੀ ਹੈ, ਜਿਸ ਦੌਰਾਨ ਭਜਨਾਂ ਰਾਹੀਂ ਮਾਤਾ ਰਾਣੀ ਦਾ ਗੁਣਗਾਨ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੇ ਪੁਨਰ-ਨਿਰਮਾਣ ਦਾ ਕੰਮ ਜਲਦ ਮੁਕੰਮਲ ਕਰ ਲਿਆ ਜਾਵੇਗਾ, ਜਿਸ ਉਪਰੰਤ ਸ਼ਰਧਾਲੂਆਂ ਨੂੰ ਮੰਦਰ ਦਾ ਹੋਰ ਵਿਸ਼ਾਲ ਅਤੇ ਸ਼ਾਨਦਾਰ ਰੂਪ ਦੇਖਣ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਹੁਣ ਤੱਕ ਮੁਕੰਮਲ ਹੋਏ ਵਿਕਾਸ ਕਾਰਜਾਂ ਨਾਲ ਸ਼ਰਧਾਲੂਆਂ ਨੂੰ ਬਿਹਤਰ ਸਹੂਲਤਾਂ ਮਿਲ ਰਹੀਆਂ ਹਨ।

ਖ਼ਰਾਬ ਮੌਸਮ ਦੇ ਬਾਵਜੂਦ ਮੰਦਰ ਵਿਖੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਵਿੱਚ ਆਮਦ ਨੇ ਨਰਾਤਿਆਂ ਪ੍ਰਤੀ ਉਨ੍ਹਾਂ ਦੀ ਅਟੁੱਟ ਆਸਥਾ ਅਤੇ ਸ਼ਰਧਾ ਨੂੰ ਦਰਸਾਇਆ।

## ਗ਼ਜ਼ਲ



ਵਕਤ ਦੇ ਕੋਰੇ ਸਫ਼ਿਆਂ ਉੱਤੇ, ਇੱਕ ਅੱਧ ਵਾਕ ਅਸੀਂ ਵੀ ਜੜੀਏ।
ਲਿਖਣੋਂ ਪਹਿਲਾਂ ਬਹੁਤ ਜ਼ਰੂਰੀ, ਪਹਿਲਾਂ ਕੰਧ ਤੇ ਲਿਖਿਆ ਪੜ੍ਹੀਏ।

ਸ਼ਬਦ ਸਲੀਕਾ, ਤਾਲ ਤੇ ਸੁਰ ਦਾ,ਸਹਿਜ-ਸੁਮੇਲ ਪਰੋ ਕੇ ਸਾਹੀਂ,
ਬੀਤੇ,ਅੱਜ ਤੋਂ ਸੁਹਣੇ ਸੁਪਨੇ,ਵਰਗੀ ਸੂਰਤ ਕੱਲ੍ਹ ਦੀ ਘੜੀਏ।

ਆਪਣੇ ਆਲ-ਦੁਆਲ ਚੁਫ਼ੇਰੇ, ਜਿੱਥੋਂ ਤੀਕ ਨਜ਼ਰ ਦਾ ਪਹਿਰਾ,
ਬਣ ਜਾਈਏ ਸਭ ਮਹਿਕ -ਫੁਹਾਰਾਂ, ਆਪਣੀ ਅੱਗ ਵਿੱਚ ਆਪ ਨਾ ਸੜੀਏ।

ਘਟਨਾਵਾਂ ਦੁਰਘਟਨਾਵਾਂ ਨੇ ਮੇਰੇ ਸੰਗ ਨਹੀਂ ਖ਼ੈਰ ਗੁਜ਼ਾਰੀ,
ਤਨ ਮਨ ਚਕਨਾਚੂਰ ਦੇ ਟੁਕੜੇ,ਜੋੜ- ਜੁੜ ਕੇ ਕਿੱਥੇ ਖੜੀਏ।

ਜਿੱਥੇ ਇੱਕ ਵੀ ਘਰ ਦਾ ਬੂਹਾ, ਦੂਜੇ ਦੇ ਮਨ ਵਿੱਚ ਨਹੀਂ ਖੁੱਲ੍ਹਦਾ,
ਪਤਾ ਨਹੀਂ ਕਿਉਂ, ਰੂਹ ਨਹੀਂ ਤੁਰਦੀ ਬਹੁਤ ਬੁਲਾਉਂਦੇ ਚੰਡੀਗੜ੍ਹੀਏ।

ਦਿਲਦਾਰਾਂ ਨੇ ਚੇਤੇ ਕੀਤੈ, ਕੀ ਹੋਇਆ ਜੇ ਖ਼ਤ ਨਹੀਂ ਪਾਇਆ,
ਚੱਲ ਨੀ ਜਿੰਦੇ ਖਿੱਚ ਤਿਆਰੀ, ਚੱਲ ਹੁਣ ਪਹਿਲੀ ਲਾਰੀ ਚੜ੍ਹੀਏ।

ਸਾਹਾਂ ਵਰਗੇ ਯਾਰ ਪਿਆਰਿਉ,ਮੇਰੀ ਪੂੰਜੀ ਬਣ ਕੇ ਰਹਿਣਾ,
ਜੀਕੂੰ ਫੁੱਲ ਵਿੱਚ ਰੰਗ -ਖ਼ੁਸ਼ਬੋਈ, ਟੁੱਟੀਂ ਨਾ ਤੂੰ ਸਾਂਝ ਦੀ ਕੜੀਏ।

ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ